BANK OF CANADA

ਤੁਰੰਤ ਜਾਰੀ ਕੀਤੇ ਜਾਣ ਲਈ
29 ਸਤੰਬਰ 2004

ਸੰਪਰਕ : ਐਨੀ ਪੋਰਟੀਲਾਂਸ
(613) 782-8782

# ਬੈਂਕ ਆਫ਼ ਕੈਨੇਡਾ ਵੱਲੋਂ 20 ਡਾਲਰ ਦੇ ਨਵੇਂ ਨੋਟ ਜਾਰੀ

ਔਟਵਾ – ਬੈਂਕ ਆਫ਼ ਕੈਨੇਡਾ ਨੇ ਅੱਜ ਕੈਨੇਡਾ ਦੇ 20 ਡਾਲਰ ਦੇ ਨਵੇਂ ਨੋਟ ਵਰਤੋਂ ਲਈ ਜਾਰੀ ਕਰ ਦਿੱਤੇ ਹਨ। ਨਵੇਂ ਨੋਟ ਅਗਲੇ ਕੁੱਝ ਹਫਤਿਆਂ ਵਿੱਚ ਵਿਤਰਿਤ ਕੀਤੇ ਜਾਣਗੇ ਅਤੇ ਮੁਲਕ ਭਰ ਵਿੱਚ ਉਪਲਬਧ ਹੋਣਗੇ।

“20 ਡਾਲਰ ਦਾ ਨੋਟ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਨੋਟ ਹੈ,” ਬੈਂਕ ਆਫ਼ ਕੈਨੇਡਾ ਦੇ ਗਵਰਨਰ ਡੇਵਿਡ ਡਾਜ ਨੇ ਕਿਹਾ। “ਚੱਲ ਰਹੇ ਕੁੱਲ ਬੈਂਕ ਨੋਟਾਂ ਵਿੱਚੋਂ ਅੱਧੇ 20 ਡਾਲਰ ਦੇ ਨੋਟ ਹਨ, ਜਿਸ ਕਰ ਕੇ ਅਸੀਂ ਕੈਨੇਡਾ ਦੇ ਲੋਕਾਂ ਨੂੰ ਇਸ ਦੇ ਡੀਜ਼ਾਈਨ ਅਤੇ ਸੁਰੱਖਿਆ ਗੁਣਾਂ ਤੋਂ ਵਾਕਫ਼ ਹੋਣ ਲਈ ਉਤਸ਼ਾਹਿਤ ਕਰਦੇ ਹਾਂ। ਇਸ ਨਵੇਂ ਨੋਟ ਦੀਆਂ ਸੁਰੱਖਿਆਤਮਕ ਖੂਬੀਆਂ ਕਾਰਣ ਕੈਨੇਡਾ ਦੇ ਲੋਕ ਇਸ ਨੂੰ ਵਿਸ਼ਵਾਸ ਨਾਲ ਖਰਚਦੇ ਹਨ।”

ਬੈਂਕ ਨਕਲੀ ਨੋਟਾਂ ਦੇ ਧੰਦੇ ਨਾਲ ਸਿੱਝਣ ਲਈ ਬੈਂਕ ਇਹ ਨਵਾਂ ਨੋਟ ਜਾਰੀ ਕਰ ਰਿਹਾ ਹੈ ਅਤੇ ਖਪਤਕਾਰਾਂ ਅਤੇ ਪਰਚੂਨ ਵਿਕ੍ਰੇਤਾਵਾਂ ਨੂੰ ਇਹ ਯਾਦ ਕਰਵਾਉਂਦਾ ਹੈ ਕਿ ਬਟੂਏ ਜਾਂ ਗੱਲੇ ਵਿੱਚ ਪਾਉਣ ਤੋਂ ਪਹਿਲਾਂ ਨੋਟਾਂ ਦੇ ਅਸਲੀ ਹੋਣ ਦੀ ਤਸਦੀਕ ਕਰਨ ਦੀ ਆਦਤ ਪਾ ਲੈਣ। ਨਕਲ ਕੀਤੇ ਜਾਣ ਤੋਂ ਬਚਾਅ ਲਈ ਇਸ ਨੋਟ ਵਿੱਚ ਕਈ ਨਵੇਂ ਗੁਣ ਪਾਏ ਗਏ ਹਨ ਜਿਹੜੇ ਪਛਾਨਣ ਵਿੱਚ ਸੌਖੇ ਅਤੇ ਝਟਪਟ ਵਰਤੇ ਜਾ ਸਕਣ ਵਾਲੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ: ਧਾਤ ਦੀ ਇੱਕ ਹੋਲੋਗ੍ਰਾਫਿਕ ਪੱਟੀ, ਇੱਕ ਜਲ-ਚਿੰਨ੍ਹ (ਵਾਟਰਮਾਰਕ) ਚਿੱਤਰ, ਕਾਗਜ਼ ਵਿੱਚ ਪਰੋਇਆ ਹੋਇਆ ਇੱਕ ਡੱਬੀਦਾਰ ਧਾਗਾ ਜੋ ਰੰਗ ਬਦਲਦਾ ਹੈ, ਅਤੇ ਇੱਕ ਪਾਰਦਰਸ਼ੀ ਅੰਕ। ਇਹ ਗੁਣ ਪਿੱਛੇ ਜਿਹੇ ਜਾਰੀ ਕੀਤੇ ਗਏ 100 ਡਾਲਰ ਦੇ ਨੋਟ ਨਾਲ ਮਿਲਦੇ-ਜੁਲਦੇ ਹਨ।

ਨਵੇਂ ਨੋਟ ਦਾ ਵਿਸ਼ਾ ਹੈ *ਕਲਾਵਾਂ ਅਤੇ ਸੱਭਿਆਚਾਰ*। ਨੋਟ ਉੱਤੇ ਨਜ਼ਰ ਆਉਂਦੇ ਹਨ ਅੰਤਰਰਾਸ਼ਟਰੀ ਮਾਨਤਾ-ਪ੍ਰਾਪਤ ਕੈਨੇਡੀਅਨ ਕਲਾਕਾਰ ਬਿਲ ਰੀਡ ਦੀਆਂ ਚਾਰ ਕਲਾ-ਕ੍ਰਿਤਾਂ ਦੇ ਚਿੱਤਰ ਅਤੇ ਨੋਟ ਦੇ ਪਿਛਲੇ ਪਾਸੇ ਗੇਬਰੀਅਲ ਰੋਏ ਦੇ ਨਾਵਲ *ਦ ਹਿਡਨ ਮਾਉਂਟੇਨ* ਦੀ ਇੱਕ ਟੂਕ ਵੀ ਹੈ।

ਇਸ 20 ਡਾਲਰ ਦੇ ਨਵੇਂ ਨੋਟ ਦੀ 25 ਅਗਸਤ ਨੂੰ ਹੋਈ ਘੁੰਢ ਚੁਕਾਈ ਦੀ ਰਸਮ ਤੋਂ ਬਾਅਦ ਬੈਂਕ ਆਫ਼ ਕੈਨੇਡਾ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਵਿੱਤੀ ਸੰਸਥਾਵਾਂ, ਅਤੇ ਪਰਚੂਨ ਅਤੇ ਮਹਿਮਾਨ-ਨਿਵਾਜ਼ੀ ਉਦਯੋਗ ਨਾਲ ਮਿਲ ਕੇ ਉਨ੍ਹਾਂ ਦੇ ਮੁਲਾਜ਼ਮਾਂ ਨੂੰ ਨੋਟ ਦੇ ਸੁਰੱਖਿਆ ਗੁਣਾਂ ਨਾਲ ਵਾਕਫ਼ ਕਰਾਉਣ ਲਈ ਕੰਮ ਕਰਦਾ ਰਿਹਾ ਹੈ।

“ਬੈਂਕ ਆਫ਼ ਕੈਨੇਡਾ ਵੱਲੋਂ ਕੈਨੇਡੀਅਨ ਬੈਂਕ ਨੋਟਾਂ ਵਿੱਚ ਵਧੇਰੇ ਆਧੁਨਿਕ ਸੁਰੱਖਿਆ ਗੁਣ ਪਾਏ ਜਾਣ ਕਰ ਕੇ, ਅਤੇ ਨਕਦ ਲੈਣ-ਦੇਣ ਵੇਲੇ ਪਰਚੂਨ-ਵਿਕ੍ਰੇਤਾਵਾਂ ਅਤੇ ਜਨਤਾ ਵੱਲੋਂ ਨੇਮ ਨਾਲ ਨੋਟਾਂ ਦੀ ਪਰਖ਼ ਕੀਤੇ ਜਾਣ ਨਾਲ, ਅਸੀਂ ਨਕਲੀ ਨੋਟਾਂ ਦੀ ਗਿਣਤੀ ਨੂੰ ਬੇਹੱਦ ਘਟਾ ਸਕਦੇ ਹਾਂ,” ਰੀਟੇਲ ਕਾਉਂਸਲ ਆਫ਼ ਕੈਨੇਡਾ ਦੀ ਪ੍ਰਧਾਨ ਡਾਈਏਨ ਜੇ. ਬ੍ਰਿਜ਼ੀਬੋਆ ਨੇ ਕਿਹਾ। “ਇਸੇ ਲਈ ਅਸੀਂ ਪਰਚੂਨ-ਵਿਕ੍ਰੇਤਾਵਾਂ ਅਤੇ ਉਨ੍ਹਾਂ ਦੇ ਮੁਲਾਜ਼ਮਾਂ ਦੀ ਇਸ ਗੱਲ ਲਈ ਸਿਖਲਾਈ ਵਾਸਤੇ ਲਗਾਤਾਰ ਬੈਂਕ ਆਫ਼ ਕੈਨੇਡਾ ਨਾਲ ਮਿਲ ਕੇ ਕੰਮ ਕਰ ਰਹੇ ਹਾਂ ਕਿ ਇੱਕ ਅਸਲੀ ਨੋਟ ਦੀ ਛੇਤੀ ਪਛਾਣ ਕਿਵੇਂ ਕੀਤੀ ਜਾਵੇ।”

“ਨੋਟਾਂ ਦੀ ਨਕਲ ਨੂੰ ਰੋਕਣ ਵਿੱਚ ਹਰ ਕਿਸੇ ਦੇ ਸਹਿਯੋਗ ਦੀ ਲੋੜ ਹੈ,” ਕੈਨੇਡੀਅਨ ਬੈਂਕਰਜ਼ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸੀ.ਈ.ਓ. ਰੇਮੰਡ ਜੇ. ਪ੍ਰੋਟੀ ਨੇ ਕਿਹਾ। “ਬੈਂਕਿੰਗ ਉਦਯੋਗ ਦਾ ਨਕਦੀ ਦੀ ਵੱਡੀ ਤਾਦਾਦ ਨਾਲ ਵਾਹ ਪੈਂਦਾ ਹੈ ਅਤੇ ਇਹ ਨਕਲੀ ਨੋਟਾਂ ਨੂੰ ਲੱਭਣ ਅਤੇ ਉਨ੍ਹਾਂ ਨੂੰ ਚਲਦਾ ਰਹਿਣ ਤੋਂ ਰੋਕਣ ਲਈ ਕਦਮ ਚੁੱਕਦਾ ਹੈ। ਇਸ ਨਵੇਂ ਨੋਟ ਦੇ ਸੁਰੱਖਿਆ ਗੁਣ ਦਰਸਾਉਂਦੇ ਹਨ ਕਿ ਬੈਂਕ ਆਫ਼ ਕੈਨੇਡਾ ਕਿਵੇਂ ਕਰੰਸੀ ਦੀ ਨਕਲ ਕਰਨਾ ਮੁਸ਼ਕਲ ਬਣਾ ਕੇ ਜਾਅਲੀ ਨੋਟਾਂ ਦੇ ਛਪਣ ਨੂੰ ਘਟਾਉਣਾ ਚਾਹੁੰਦਾ ਹੈ, ਅਤੇ ਬੈਂਕਿੰਗ ਉਦਯੋਗ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕਰਦਾ ਹੈ।”

ਪਹਿਲੀਆਂ ਲੜੀਆਂ ਦੇ ਬੈਂਕ ਨੋਟ ਹਾਲੇ ਵੀ ਕਾਨੂੰਨੀ ਤੌਰ ਤੇ ਜਾਇਜ਼ ਧਨ ਮੰਨੇ ਜਾਣਗੇ। ਕੈਨੇਡੀਅਨ ਬੈਂਕ ਨੋਟਾਂ ਅਤੇ ਉਨ੍ਹਾਂ ਦੇ ਸੁਰੱਖਿਆਂ ਗੁਣਾਂ ਬਾਰੇ ਵਧੇਰੇ ਜਾਣਕਾਰੀ ਲਈ www.bankofcanada.ca/en/banknotes/ ਤੇ ਜਾਉ।

**ਸੰਪਾਦਕਾਂ ਲਈ ਨੋਟ:**

- ਬੈਂਕ ਆਫ਼ ਕੈਨੇਡਾ ਦੇ ਗਵਰਨਰ ਡੇਵਿਡ ਡਾਜ ਨੂੰ 20 ਡਾਲਰ ਦਾ ਨਵਾਂ ਨੋਟ ਖਰਚਦਿਆਂ ਵਿਖਾਉਣ ਵਾਲੀ ਇੱਕ ਫ਼ੋਟੋ ਸਵੇਰੇ 11 ਵਜੇ (ਈ.ਡੀ.ਟੀ.) ਮੁਤਾਬਕ *ਕੈਨੇਡਾ ਨਿਊਜ਼ਵਾਇਰ* ਤੇ ਉਪਲਬਧ ਹੋਵੇਗੀ।
- 20 ਡਾਲਰ ਦੇ ਨਵੇਂ ਨੋਟ ਦੇ ਅਗਲੇ ਅਤੇ ਪਿਛਲੇ ਪਾਸੇ ਦੀਆਂ ਤਸਵੀਰਾਂ ਵਾਲੀ ਇੱਕ ਸੀ.ਡੀ., ਅਤੇ 20 ਡਾਲਰ ਦੇ ਨਵੇਂ ਨੋਟ ਦੇ ਉਤਪਾਦਨ ਅਤੇ ਇਸ ਦੇ ਸੁਰੱਖਿਆ ਗੁਣਾਂ ਦੀ ਇੱਕ ਬੀਟਾ ਟੇਪ ਬੇਨਤੀ ਕੀਤੇ ਜਾਣ ਤੇ ਸੰਚਾਰ ਮਾਧਿਅਮਾਂ ਲਈ ਉਪਲਬਧ ਹਨ।